# ਡਇਰੈਕਟਰ ਜਨਰਲ ਸਕੂਲ ਸਿੱਖਿਆ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਬਠਿੰਡਾ, ਫਿਰੋਜਪੁਰ, ਮਾਨਸਾ, ਮੁਕਤਸਰ,
ਪਟਿਆਲਾ, ਸੰਗਰੂਰ ਅਤੇ ਤਰਨ ਤਾਰਨ,

ਮੀਮੋ ਨੰ: KW/SSA/RS/2010-11/369-375
ਮਿਤੀ, ਚੰਡੀਗੜ੍ਹ: 03.01.2011

**ਵਿਸ਼ਾ:** **ਸਰਵ ਸਿੱਖਿਆ ਅਭਿਆਨ, ਪੰਜਾਬ ਦੀ ਸਲਾਨਾ ਪਲਾਨ 2010-11 ਅਧੀਨ ਅੱਪਰ ਪ੍ਰਾਇਮਰੀ ਪੱਧਰ ਦੀਆਂ ਲੜਕੀਆਂ ਲਈ 19 KGBV ਹੋਸਟਲ ਖੋਲ੍ਹਣ ਸਬੰਧੀ।**

**1.0** ਆਪ ਸਭ ਦੀ ਜਾਣਕਾਰੀ ਹਿੱਤ ਲਿਖਿਆ ਜਾਂਦਾ ਹੈ ਕਿ RTE Act, 2009 ਅਧੀਨ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵੱਲੋਂ ਸਪਲੀਮੈਂਟਰੀ ਪਲਾਨ 2010-11 ਤਿਆਰ ਕਰਕੇ ਭਾਰਤ ਸਰਕਾਰ ਨੂੰ ਭੇਜੀ ਗਈ ਸੀ। ਇਸ ਪਲਾਨ ਵਿਚ ਮੰਜੂਰ ਹੋਏ KGBV ਹਾਸਟਲਾਂ ਦਾ ਜ਼ਿਲ੍ਹਾਵਾਰ ਵੇਰਵਾ ਹੇਠ ਅਨੁਸਾਰ ਹੈ:

(i) District Bathinda : Three KGBVs, one each for blocks Sangat, Talwandi Sabo & Maur.

(ii) District Ferozepur : Four KGBVs, one each for blocks Fazilka, Jalalabad, Mamdot & Ferozepur.

(iii) District Mansa : Five KGBVs, one each for blocks Mansa, Budlada-1, Budlada-2, Jhunir-1 & Jhunir-2.

(iv) District Muktsar : Two KGBVs, one each for blocks Lambi & Muktsar.

(v) District Patiala : One KGBV for block Samana-1.

(vi) District Sangrur : Three KGBVs one each for blocks Lehragaga, Andana & Sunam.

(vii) District Tarn Taran : One KGBV for block Valtoha.

**2.0** ਇਨ੍ਹਾਂ KGBV ਹੋਸਟਲਜ਼ ਲਈ ਸਾਲ 2010-11 ਲਈ ਮਨਜ਼ੂਰ ਹੋਈ ਗ੍ਰਾਂਟ ਦਾ ਵੇਰਵਾ ਨਿਮਨ ਲਿਖਿਤ ਹੈ: **(Rs. in lacs)**

| S. No. | Activity | Cost per annum | Total amount of funds for each & every activity | | | | | | |
|---|---|---|---|---|---|---|---|---|---|
| | | | Bathinda | Ferozepur | Mansa | Muktsar | Patiala | Sangrur | Tarn Taran |
| 1 | **Non-recurring (one time grant)** | | | | | | | | |
| (i) | Furniture / Equipmen (including kitchen equipment) | 3.000 | 9.000 | 12.000 | 15.000 | 6.000 | 3.000 | 9.000 | 3.000 |
| (ii) | TLM and equipment including library books | 3.500 | 10.500 | 14.000 | 17.500 | 7.000 | 3.500 | 10.500 | 3.500 |
| (iii) | Bedding | 0.750 | 2.250 | 3.000 | 3.750 | 1.500 | 0.750 | 2.250 | 0.750 |
| | **Sub Total Non-recurring** | | **21.750** | **29.000** | **36.250** | **14.500** | **7.250** | **21.750** | **7.250** |
| 2 | **Recurring** | | | | | | | | |
| (i) | Maintenance per girl Per month @ Rs. 900/- | 10.800 | 8.100 | 10.800 | 13.500 | 5.400 | 2.700 | 8.100 | 2.700 |
| (ii) | Stipend per girl per month @ Rs.50/- | 0.600 | 0.450 | 0.600 | 0.750 | 0.300 | 0.150 | 0.450 | 0.150 |
| (iii) | Course books / Stationery and etc.@ Rs.50 per month | 0.600 | 0.450 | 0.600 | 0.750 | 0.300 | 0.150 | 0.450 | 0.150 |
| (iv) | Examination Fee | 0.020 | 0.015 | 0.020 | 0.025 | 0.010 | 0.005 | 0.015 | 0.005 |
| (v) | Salaries | 12.000 | 9.000 | 12.000 | 15.000 | 6.000 | 3.000 | 9.000 | 3.000 |
| (vi) | Vocational training / specific skill trg | 0.600 | 0.450 | 0.600 | 0.750 | 0.300 | 0.150 | 0.450 | 0.150 |
| (vii) | Electricity / water charges | 0.720 | 0.540 | 0.720 | 0.900 | 0.360 | 0.180 | 0.540 | 0.180 |
| (viii) | Medical care /contingencies | 0.750 | 0.563 | 0.750 | 0.938 | 0.375 | 0.188 | 0.563 | 0.188 |
| (ix) | Miscellaneous | 0.400 | 0.300 | 0.400 | 0.500 | 0.200 | 0.100 | 0.300 | 0.100 |
| (x) | Maintenance | 0.400 | 0.300 | 0.400 | 0.500 | 0.200 | 0.100 | 0.300 | 0.100 |
| (xi) | Preparatory camps | 0.200 | 0.150 | 0.200 | 0.250 | 0.100 | 0.050 | 0.150 | 0.050 |
| (xii) | P.T.A / school functions | 0.200 | 0.150 | 0.200 | 0.250 | 0.100 | 0.050 | 0.150 | 0.050 |
| (xiii) | Provision of Rent | 7.200 | 5.400 | 7.200 | 9.000 | 3.600 | 1.800 | 5.400 | 1.800 |
| (xiv) | Capacity Building | 0.300 | 0.225 | 0.300 | 0.375 | 0.150 | 0.075 | 0.225 | 0.075 |
| | **Sub Total Recurring** | | **26.093** | **34.790** | **43.488** | **17.395** | **8.698** | **26.093** | **8.698** |
| | **Total - KGBV** | | **47.843** | **63.790** | **79.738** | **31.895** | **15.948** | **47.843** | **15.948** |

3.0 ਆਪ ਜੀ ਨੂੰ ਇਹ ਦੱਸਣਾ ਉਚਿਤ ਹੋਵੇਗਾ ਕਿ ਪੰਜਾਬ ਰਾਜ ਦੇ 21 Educationally Backward Blocks ਵਿਚ ਇੱਕ ਵੱਖਰੀ 100% Centrally Sponsored Scheme 'Hostels for girls at Secondary Level' ਤਹਿਤ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੀਆਂ ਲੜਕੀਆਂ ਲਈ ਪਹਿਲਾਂ ਹੀ ਹੋਸਟਲ ਬਣਾਏ ਜਾ ਰਹੇ ਹਨ। ਇਨ੍ਹਾਂ ਦੀਆਂ locations ਹੇਠ ਅਨੁਸਾਰ ਹਨ:

| Sr. No. | District | Educationally Backward Block | Location for Girls Hostel |
|---|---|---|---|
| 1 | Bathinda | Sangat | GHS, GHUDA |
| 2 | | Talwandi Sabo | GSSS Talwandi Sabo |
| 3 | | Mandi Phul West | GGHS Mandi Kalan |
| 4 | Ferozepur | Khuhian Sarver | GSSS Dharampura |
| 5 | | Abohar | GSSS, Kundal |
| 6 | | Fazilka | GGSSS Fazilka |
| 7 | | Jalalabad | GGSSS Jalalabad |
| 8 | | Mamdot | GGSSS Mamdot |
| 9 | | Ferozepur | GGSSS Ferozepur City |
| 10 | Mansa | Mansa | GGSSS Mansa |
| 11 | | Budlada-I | GGSSS Budlada |
| 12 | | Budlada-II at Bareta | GGHS Bareta |
| 13 | | Jhunir-I | GSSS Jhunir |
| 14 | | Jhunir-II at Sardulgarh | GGSSS Sardulgarh |
| 15 | Muktsar | Lambi | GSSS Badal |
| 16 | | Muktsar | GGSSS Rupana |
| 17 | Patiala | Samana-I | GSSS (B) Samana (Co-edu for +1 & +2 classes) |
| 18 | Sangrur | Lehra Gaga | Under decision |
| 19 | | Anndana | GGHS Munak |
| 20 | | Saunam | GGSSS Sunam |
| 21 | Tarn Taran | Valtoha | Valtoha |

4.0 ਸਰਵ ਸਿੱਖਿਆ ਅਭਿਆਨ ਅਧੀਨ ਛੇਵੀਂ ਤੋਂ ਅੱਠਵੀਂ ਤੱਕ ਦੀਆਂ ਲੜਕੀਆਂ ਲਈ ਪ੍ਰਵਾਨ ਕੀਤੇ ਗਏ 19 KGBVs ਵੀ ਇਨ੍ਹਾਂ ਸੈਕੰਡਰੀ ਹੋਸਟਲਜ਼ ਦੇ ਨਾਲ ਜਾਂ ਨੇੜੇ ਹੀ ਬਣਾਏ ਜਾਣੇ ਹਨ। ਇਹ ਵੀ ਧਿਆਨ ਰੱਖਿਆ ਜਾਣਾ ਹੈ ਕਿ ਮਿਡਲ ਅਤੇ ਸੈਕੰਡਰੀ ਪੱਧਰ ਦੇ ਸਕੂਲ ਇਨ੍ਹਾਂ

ਹੋਸਟਲਜ਼ ਦੇ ਨੇੜੇ ਹੀ ਹੋਣ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਅੱਪਰ ਪ੍ਰਾਇਮਰੀ ਲੜਕੀਆਂ ਲਈ ਨਵੇਂ KGBV ਹੋਸਟਲ ਬਣਾਉਣ ਲਈ ਉਚਿਤ ਥਾਂ ਦੀ identification ਅਤੇ ਪ੍ਰਬੰਧ ਕਰਕੇ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

5.0 ਸਰਵ ਸਿੱਖਿਆ ਅਭਿਆਨ, ਪੰਜਾਬ ਅਧੀਨ ਸਥਾਪਿਤ ਕੀਤੇ ਜਾਣ ਵਾਲੇ 19 KGBVs ਲਈ ਕੁੱਝ ਵਿਸ਼ੇਸ਼ ਹਦਾਇਤਾਂ ਹੇਠ ਅਨੁਸਾਰ ਹਨ:

(ੳ) ਹਰੇਕ KGBV ਹੋਸਟਲ 100 ਲੜਕੀਆਂ ਦੀ capacity ਲਈ ਤਿਆਰ ਕੀਤਾ ਜਾਵੇਗਾ।

(ਅ) ਇਨ੍ਹਾਂ KGBV ਹੋਸਟਲਜ਼ ਦੀ ਪੱਕੀ ਬਿਲਡਿੰਗ/ ਪਰਮਾਨੈਂਟ ਹੋਸਟਲ ਲਈ ਘੱਟ ਤੋਂ ਘੱਟ 12800 sq ft (160x80 sq ft.) ਥਾਂ ਦੀ ਜ਼ਰੂਰਤ ਹੋਵੇਗੀ।

(ੲ) ਪਰਮਾਨੈਂਟ KGBV ਹੋਸਟਲਜ਼ ਦੀ ਬਿਲਡਿੰਗ construct ਕਰਨ ਲਈ ਫੰਡਜ਼ ਭਾਰਤ ਸਰਕਾਰ ਵੱਲੋਂ ਉਦੋਂ ਮੁਹੱਈਆ ਕੀਤੇ ਜਾਣਗੇ ਜੇਕਰ ਵਰਤਮਾਨ ਸਾਲ ਦੌਰਾਨ ਅਸਥਾਈ (temporary) KGBV ਹੋਸਟਲ operative ਹੋ ਜਾਂਦੇ ਹਨ। ਇਸ ਦੇ ਮੱਦੇਨਜ਼ਰ ਵਰਤਮਾਨ ਸਾਲ 2010-11 ਦੌਰਾਨ temporary KGBV Hostel ਦਾ ਪੂਰਾ ਪ੍ਰਬੰਧ ਕਰਕੇ ਉਥੇ ਅੱਪਰ ਪ੍ਰਾਇਮਰੀ ਪੱਧਰ ਦੀਆਂ 100 ਲੜਕੀਆਂ ਨੂੰ enroll ਕਰਨਾ ਲਾਜ਼ਮੀ ਹੋਵੇਗਾ।

(ਸ) Temporary KGBV ਹੋਸਟਲ ਸਥਾਪਿਤ ਕਰਨ ਲਈ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਇਨ੍ਹਾਂ ਦੀ location ਵੀ ਸੈਕੰਡਰੀ ਹੋਸਟਲਜ਼ / ਅੱਪਰ ਪ੍ਰਾਇਮਰੀ ਸਕੂਲ ਜਾਂ ਸੈਕੰਡਰੀ ਸਕੂਲਜ਼ ਦੇ ਨੇੜੇ ਤੇੜੇ ਹੀ ਹੋਵੇ।

(ਹ) Temporary KGBV ਬਿਲਡਿੰਗ ਦਾ ਪ੍ਰਬੰਧ ਕਰਨ ਉਪਰੰਤ ਉੱਥੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਯੋਗ 100 ਲੜਕੀਆਂ ਨੂੰ enroll ਕਰਨਾ ਹੋਵੇਗਾ।

(ਕ) ਇਨ੍ਹਾਂ KGBV ਹੋਸਟਲ ਵਿਚ ਹੇਠ ਪ੍ਰਕਾਰ ਦੀਆਂ ਲੜਕੀਆਂ ਨੂੰ ਦਾਖ਼ਲ ਕੀਤਾ ਜਾਵੇਗਾ :

(i) ਸਕੂਲਾਂ ਵਿਚ ਦਾਖਲ 6 ਤੋਂ 8 ਜਮਾਤਾਂ ਦੀਆਂ ਲੜਕੀਆਂ ਜੋ ਦੂਰ-ਦੁਰਾਡੇ ਦੇ ਪਿੰਡਾਂ ਤੋਂ ਆਉਂਦੀਆਂ ਹਨ।

(ii) ਸਕੂਲਾਂ ਵਿਚ ਦਾਖਲ 6 ਤੋਂ 8 ਜਮਾਤਾਂ ਦੀਆਂ ਲੜਕੀਆਂ ਜਿਨ੍ਹਾਂ ਦੇ ਘਰ ਦੇ ਹਾਲਾਤ ਮਾੜੇ ਹਨ।

(iii) ਡਰਾਪ ਆਊਟ ਲੜਕੀਆਂ ਜਿਨ੍ਹਾਂ ਨੇ 6 ਤੋਂ 8 ਜਮਾਤਾਂ ਦੀ ਪੜ੍ਹਾਈ ਇਸ ਲਈ ਛੱਡ ਦਿੱਤੀ ਕਿਉਂਕਿ ਉਹਨਾਂ ਨੂੰ ਸਕੂਲ ਬਹੁਤ ਦੂਰ ਪੈਂਦਾ ਸੀ ਅਤੇ ਹਾਸਟਲ ਦੀ ਸੁਵਿਧਾ ਪਹਿਲਾਂ ਉਪਲੱਭਧ ਨਹੀਂ ਸੀ।

6.0 ਇਨ੍ਹਾਂ temporary ਹੋਸਟਲਜ਼ ਨੂੰ ਸਾਲ 2010-11 ਦੌਰਾਨ operationalize ਕਰਨ ਹਿੱਤ ਸਪਲੀਮੈਂਟਰੀ ਪਲਾਨ ਵਿਚ ਨਾੱਨ-ਰੈਕਰਿੰਗ ਅਤੇ ਰੈੱਕਰਿੰਗ ਹੈੱਡਜ਼ ਅਧੀਨ ਵੱਖ-ਵੱਖ ਗਤੀਵਿਧੀਆਂ ਲਈ ਫੰਡਜ਼ ਦਿੱਤੇ ਗਏ ਹਨ ਜਿਨ੍ਹਾਂ ਦਾ ਵੇਰਵਾ **ਪੁਆਇੰਟ** 3 ਤੇ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਇਨ੍ਹਾਂ ਫੰਡਾਂ ਦੀ ਵਰਤੋਂ ਬਾਰੇ ਹਦਾਇਤਾਂ ਹੇਠ ਅਨੁਸਾਰ ਹਨ:

ੳ) **ਸਾਲ 2010-11 ਲਈ KGBV Hostels ਲਈ ਨਾਨ-ਰੈਕਰਿੰਗ ਗ੍ਰਾਂਟ ਦੀ ਵਰਤੋਂ ਬਾਰੇ:**

**i) Furniture/Equipment (including Kitchen Equipment) @ Rs. 3.00 lac per KGBV:**

ਇਸ ਗ੍ਰਾਂਟ ਦੀ ਵਰਤੋਂ ਫਰਨੀਚਰ ਜਿਵੇਂ ਕਿ ਬੈੱਡ, ਕੁਰਸੀ, ਮੇਜ, ਰਸੋਈ ਦੇ ਬਰਤਨ, ਗੈਸ ਚੁਲਾ, ਸਿਲੰਡਰ ਆਦਿ ਖਰੀਦਣ ਲਈ ਕੀਤੀ ਜਾਣੀ ਹੈ।

**ii) TLM and Equipment including Library Books @ Rs. 3.5 lac per KGBV:**

ਇਸ ਗ੍ਰਾਂਟ ਦੀ ਵਰਤੋਂ TLM ਅਤੇ ਲਾਇਬ੍ਰੇਰੀ ਕਿਤਾਬਾਂ ਲਈ ਕੀਤੀ ਜਾਣੀ ਹੈ।

**iii) Bedding @ Rs. 75,000/- per KGBV:**

ਇਸ ਗ੍ਰਾਂਟ ਦੀ ਵਰਤੋਂ ਲੜਕੀਆਂ ਦੇ ਬਿਸਤਰੇ ਖਰੀਦਣ ਲਈ ਕੀਤੀ ਜਾਣੀ ਹੈ।

ਅ) **ਸਾਲ 2010-11 ਲਈ KGBV Hostels ਲਈ ਰੈਕਰਿੰਗ ਗ੍ਰਾਂਟ ਦੀ ਵਰਤੋਂ ਬਾਰੇ:**

ਸਾਲ 2010-11 ਲਈ ਰੈਕਰਿੰਗ ਗ੍ਰਾਂਟ ਸਿਰਫ 03 ਮਹੀਨੇ ਲਈ ਮੰਜੂਰ ਕੀਤੀ ਗਈ ਹੈ। ਗਤੀਵਿਧੀ ਅਨੁਸਾਰ ਗਾਈਡਲਾਈਨਜ਼ ਹੇਠ ਲਿਖੇ ਅਨੁਸਾਰ ਹਨ:

**i) Maintenance @ Rs. 900/- per girl per month :**

ਇਹ ਰਾਸ਼ੀ ਲੜਕੀਆਂ ਦੇ ਖਾਣਪੀਣ ਦੇ ਸਮਾਨ ਅਤੇ ਯੂਨੀਫਾਰਮ ਲਈ ਵਰਤੀ ਜਾਣੀ ਹੈ। ਇਸ ਰਾਸ਼ੀ ਵਿਚੋਂ 1200/- ਰੁਪਏ ਪ੍ਰਤੀ ਲੜਕੀ ਯੂਨੀਫਾਰਮ (once in a year) ਖਰੀਦਣ ਲਈ ਖਰਚੀ ਜਾਣੀ ਹੈ।

**ii) Stipend @ Rs. 50/- per girl student per month:**

ਨੇੜਲੇ nationalized banks ਵਿਚ ਲੜਕੀਆਂ ਦੇ saving account ਖੁਲਵਾ ਕੇ 50 ਰੁਪਏ ਪ੍ਰਤੀ ਮਹੀਨੇ ਉਹਨਾਂ ਦੇ ਖਾਤੇ ਵਿੱਚ ਜਮ੍ਹਾਂ ਕਰਵਾਏ ਜਾਣਗੇ ਅਤੇ ਕੇ.ਜੀ.ਬੀ.ਵੀ ਹੋਸਟਲ ਛੱਡਣ ਤੇ ਉਹਨਾਂ ਨੂੰ ਇਹ ਰਾਸ਼ੀ ਦਿੱਤੀ ਜਾਵੇਗੀ।

**ii) Course Books/Stationery @ Rs. 50/- per month :**

ਇਹ ਰਾਸ਼ੀ ਹੋਸਟਲ ਵਿੱਚ ਰਹਿ ਰਹੀਆਂ ਲੜਕੀਆ ਨੂੰ ਸਟੇਸ਼ਨਰੀ (ਨੋਟ ਬੁੱਕ, ਪੈਨਸਿਲ,ਪੈਨ, ਜਮੈਟਰੀ ਬੋਕਸ) ਅਤੇ ਹੋਰ ਸਿੱਖਿਆ ਨਾਲ ਸਬੰਧਤ ਮੈਟੀਰੀਅਲ ਦੇਣ ਹਿੱਤ ਵਰਤੀ ਜਾਵੇਗੀ।

**iv) Examination fee ( Rs. 500/- per KGBV for three months) :**

ਐਗਜ਼ੈਮੀਨੇਸ਼ਨ ਫੀਸ ਜੇ ਕੋਈ ਹੋਵੇ ਤਾਂ ਇਸ ਲਈ 500 ਰੁਪਏ ਪ੍ਰਤੀ ਕੇ.ਜੀ.ਬੀ.ਵੀ ਦੀ ਰਾਸ਼ੀ ਪ੍ਰਵਾਨਿਤ ਹੈ।

**iv) Salaries ( Rs. 3.00 lacs per KGBV for three months):**

ਹੋਸਟਲ ਦੇ ਵਾਰਡਨ, ਅਕਾਊਟੈਂਟ, ਕੁੱਕ, ਹੈਲਪਰ, ਸਵੀਪਰ ਅਤੇ ਚੌਕੀਦਾਰ ਦਾ ਮਾਣਭੱਤਾ ਇਸ ਹੈੱਡ ਵਿੱਚੋਂ ਦਿੱਤਾ ਜਾਵੇਗਾ।

- ਵਾਰਡਨ ਅਤੇ ਅਕਾਊਟੈਂਟ ਦੀ ਨਿਯੁਕਤੀ ਸਰਵ ਸਿੱਖਿਆ ਅਭਿਆਨ ਦੇ ਸਟੇਟ ਦਫ਼ਤਰ ਵੱਲੋਂ ਕੀਤੀ ਜਾਵੇਗੀ।
- ਬਾਕੀ ਸਟਾਫ ਦੀ ਨਿਯੁਕਤੀ ਪਸਵਕ ਦੇ ਪੱਧਰ ਤੇ ਹੋਵੇਗੀ, ਜਿਸ ਸਬੰਧੀ ਦਿਸ਼ਾ ਨਿਰਦੇਸ਼ ਇਸ ਦਫਤਰ ਵੱਲੋਂ ਵੱਖਰੇ ਤੌਰ ਤੇ ਜਲਦ ਹੀ ਜਾਰੀ ਕੀਤੇ ਜਾਣਗੇ।

**v) Vocational Training (Rs. 15000/- per KGBV for three months):**

ਵੋਕੇਸ਼ਨਲ ਟ੍ਰੇਨਿੰਗ ਅਧੀਨ ਲੜਕੀਆਂ ਨੂੰ ਪੇਂਟਿੰਗ, ਸਿੰਗਿੰਗ, ਫਲਾਵਰ ਮੇਕਿੰਗ ਅਤੇ ਕੰਪਿਊਟਰ ਸਿੱਖਿਆ ਜਾਂ ਕੋਈ ਹੋਰ ਵੋਕੇਸ਼ਨਲ ਸਕਿੱਲਜ਼ ਸਿਖਾਏ ਜਾਣਗੇ।

**vi) Electricity and Water Charges (Rs. 18000/- per KGBV for three months) :**

ਇਸ grant ਵਿਚੋਂ ਪਾਣੀ ਅਤੇ ਬਿਜਲੀ ਦਾ ਖਰਚਾ ਕੀਤਾ ਜਾਵੇਗਾ।

**viii) Medical Care/ Contingencies (Rs. 18750 per KGBV for three months)**

- ਇਸ ਗਤੀਵਿਧੀ ਹੇਠ ਲੜਕੀਆ ਦਾ ਹਰ ਮਹੀਨੇ ਹੈਲਥ ਚੈਕਅੱਪ ਕਰਵਾਇਆ ਜਾਵੇਗਾ ਅਤੇ ਜੇ ਕੋਈ ਬਿਮਾਰੀ ਪਾਈ ਜਾਂਦੀ ਹੈ ਤਾਂ ਉਸ ਦਾ ਇਲਾਜ ਕਰਵਾਇਆ ਜਾਵੇਗਾ।
- ਲੜਕੀਆਂ ਦੇ ਹੈਲਥ ਕਾਰਡ ਬਣਵਾਏ ਅਤੇ ਮੈਨਟੇਨ ਕੀਤੇ ਜਾਣਗੇ।

- ਹੋਸਟਲ ਵਿੱਚ ਲੜਕੀਆਂ ਲਈ First Aid Kit ਰੱਖੀ ਜਾਵੇਗੀ।

ix) **Maintenance (Rs. 10000/- per KGBV for three months)**

ਹੋਸਟਲ ਦੀ ਕਿਸੇ ਤਰ੍ਹਾਂ ਦੀ ਮੁਰੰਮਤ ਜਾਂ ਮੇਨਟੈਨੱਸ ਦਾ ਖਰਚਾ ਇਸ ਹੈੱਡ ਵਿਚੋਂ ਕੀਤਾ ਜਾਵੇਗਾ।

x) **Miscellaneous (Rs. 10000/- per KGBV for three months)**

ਲੜਕੀਆਂ ਦੇ ਜਨਮ ਦਿਨ ਮਨਾਉਣਾ ਜਾਂ ਉਨ੍ਹਾਂ ਲਈ ਐਕਸਪੋਜ਼ਰ ਵਿਜ਼ਿਟ ਓਰਗੇਨਾਈਜ਼ ਕਰਨ ਆਦਿ ਦਾ ਖਰਚਾ ਇਸ ਹੈੱਡ ਵਿਚੋਂ ਕੀਤਾ ਜਾਵੇਗਾ।

xi) **Preparatory Camps (Rs. 5000 per KGBV for three months)**

ਲੜਕੀਆਂ ਲਈ ਪੇਪਰਾਂ ਤੋਂ ਇੱਕ ਮਹੀਨਾ ਪਹਿਲਾਂ Preparatory Camp's ਲਗਾਏ ਜਾਣਗੇ। ਲੜਕੀਆਂ ਨੂੰ ਲੋੜ ਅਨੁਸਾਰ ਜਿਹੜੇ ਵਿਸ਼ੇ ਵਿਚ ਉਹ ਕਮਜ਼ੋਰ ਹੋਣ ਉਸ ਵਿਸ਼ੇ ਦੀ ਤਿਆਰੀ ਕਰਵਾਈ ਜਾਵੇਗੀ ਅਤੇ ਉਨ੍ਹਾਂ ਦਾ ਟੈਸਟ ਲਿਆ ਜਾਵੇਗਾ।

xii) **Provision of Rent @ Rs. 1.8 lac per KGBV**

ਇਸ ਗ੍ਰਾਂਟ ਅਧੀਨ KGBV ਹੋਸਟਲ ਲਈ ਅਸਥਾਈ ਬਿਲਡਿੰਗ ਦਾ ਪ੍ਰਬੰਧ ਕਿਰਾਏ ਤੇ ਕੀਤਾ ਜਾ ਸਕਦਾ ਹੈ।

xiii) **PTAs/School Functions (Rs. 5000/- per KGBV for three months)**

- ਹਰ ਮਹੀਨੇ ਲੜਕੀਆਂ ਦੇ ਮਾਤਾ ਪਿਤਾ ਨਾਲ ਇੱਕ ਮੀਟਿੰਗ ਰੱਖੀ ਜਾਵੇਗੀ। ਇਸ ਮੀਟਿੰਗ ਵਿਚ ਸਮੂਹ ਸਕੂਲ ਅਧਿਆਪਕਾਂ ਵੱਲੋਂ ਉਹਨਾਂ ਨੂੰ ਉਹਨਾਂ ਦੀਆਂ ਬੱਚੀਆਂ ਦੇ ਵਿਵਹਾਰ ਅਤੇ performance ਬਾਰੇ ਜਾਣੂ ਕਰਵਾਇਆ ਜਾਵੇਗਾ ਅਤੇ ਨਾਲ ਹੀ ਬੱਚੀਆਂ ਨੂੰ ਆਪਣੇ ਮਾਤਾ ਪਿਤਾ ਨਾਲ ਚੰਗੀ ਤਰ੍ਹਾਂ ਮਿਲਣ ਅਤੇ ਗੱਲਬਾਤ ਕਰਨ ਦਾ ਮੌਕਾ ਦਿੱਤਾ ਜਾਵੇਗਾ।
- ਲੜਕੀਆਂ ਲਈ ਵੱਖ-ਵੱਖ ਪ੍ਰਤੀਯੋਗਤਾਵਾਂ ਵੀ ਕਰਵਾਈਆਂ ਜਾਣਗੀਆਂ ਅਤੇ best performers ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਇਨ੍ਹਾਂ functions ਵਿਚ ਬੱਚੀਆਂ ਦੇ parents ਨੂੰ ਵੀ ਸੱਦਿਆ ਜਾ ਸਕਦਾ ਹੈ।

xiv) **Capacity Building (Rs. 7500 per KGBV for three months)**

ਇਸ ਅਧੀਨ ਬੱਚਿਆਂ ਦੇ ਮਾਪੇ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਲੜਕੀਆਂ ਦੀ ਸਿੱਖਿਆ ਅਤੇ ਸਿਹਤ ਦੀ ਮਹੱਤਤਾ ਅਤੇ ਇਨ੍ਹਾਂ ਨਾਲ ਜੁੜੀਆਂ ਵੱਖ-ਵੱਖ ਸਕੀਮਾਂ ਬਾਰੇ ਜਾਗਰੂਕ ਕਰਵਾਇਆ ਜਾਵੇਗਾ। ਹੋਸਟਲ ਦੀਆਂ ਵਿਸ਼ੇਸ਼ਤਾਵਾਂ ਨਾਲ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਨੂੰ ਆਪਣੀਆਂ ਬੱਚੀਆਂ ਨੂੰ ਹੋਸਟਲ ਵਿਚ ਰੱਖ ਕੇ ਪੜ੍ਹਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ।

**7.0** ਸਪਲੀਮੈਂਟਰੀ ਪਲਾਨ 2010-11 ਦੌਰਾਨ ਪ੍ਰਾਪਤ ਹੋਈ ਪ੍ਰਵਾਨਗੀ ਅਨੁਸਾਰ ਆਪਣੇ ਆਪਣੇ ਜ਼ਿਲ੍ਹਿਆਂ ਦੇ ਵਿਚ ਐਜੂਕੇਸ਼ਨਲ ਬੈਕਵਰਡ ਬਲਾੱਕ ਵਿਚ ਕੇ.ਜੀ.ਬੀ.ਵੀ. ਹੋਸਟਲ ਖੋਲ੍ਹਣ

ਲਈ ਤੁਰੰਤ ਉਪਰਾਲੇ ਕੀਤੇ ਜਾਣ। ਇਸ ਸਬੰਧ ਵਿਚ ਲੋੜੀਂਦੇ ਫੰਡ ਆਪ ਜੀ ਨੂੰ ਬੜੀ ਛੇਤੀ ਮੁਹੱਈਆ ਕਰਵਾ ਦਿੱਤੇ ਜਾਣਗੇ। ਜਿੱਥੋਂ ਤੱਕ ਇਨ੍ਹਾਂ ਹੋਸਟਲਾਂ ਦੀ ਬਿਲਡਿੰਗ ਨੂੰ ਬਣਾਉਣ ਦਾ ਸਵਾਲ ਹੈ ਇਸ ਬਾਰੇ ਲੋੜੀਂਦੀ ਜਗ੍ਹਾ ਦੀ ਸ਼ਨਾਖ਼ਤ ਕੀਤੀ ਜਾਵੇ, ਇਹ ਉਚਿਤ ਹੋਵੇਗਾ ਕਿ ਪਹਿਲਾਂ ਹੀ ਗਰਲਜ਼ ਹੋਸਟਲ ਸਕੀਮ ਦੇ ਤਹਿਤ ਜਿੱਥੇ ਲੜਕੀਆਂ ਦੇ ਹੋਸਟਲ ਬਣਾਏ ਜਾ ਚੁੱਕੇ ਹਨ ਦੇ ਵਿਚੋਂ ਹੀ ਜਗ੍ਹਾ ਲੱਭੀ ਜਾਵੇ ਅਤੇ ਲੋੜੀਂਦੀ ਸੂਚਨਾ ਇਸ ਦਫ਼ਤਰ ਨੂੰ ਤੁਰੰਤ ਫੈਕਸ ਰਾਹੀਂ ਭੇਜੀ ਜਾਵੇ।

-ਸਹੀ-

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

ਪਿੰਠ ਅੰਕਣ: KW/SSA/RS/2010-11/376-395 ਮਿਤੀ:03.01.2011

ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

-ਸਹੀ-

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

ਪਿੰਠ ਅੰਕਣ: KW/SSA/RS/2010-11/396-402 ਮਿਤੀ:03.01.2011

ਉਤਾਰਾ ਡਿਪਟੀ ਕਮਿਸ਼ਨਰ ਬਠਿੰਡਾ, ਫਿਰੋਜਪੁਰ, ਮਾਨਸਾ, ਮੁਕਤਸਰ, ਪਟਿਆਲਾ, ਸੰਗਰੂਰ ਅਤੇ ਤਰਨ ਤਾਰਨ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ KGBV Hostels ਸਬੰਧੀ ਲੋੜੀਂਦੀ ਕਾਰਵਾਈ ਜਲਦ ਤੋਂ ਜਲਦ ਕਰਵਾਉਣ ਦੀ ਖੇਚਲ ਕੀਤੀ ਜਾਵੇ ਜੀ।

-ਸਹੀ-

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**